# ਅੰਬੇਦਕਰ ਦੇ ਸਿੱਖ ਨਾ ਬਣਨ ਬਾਰੇ ਘੜੀ ਝੂਠੀ ਕਹਾਣੀ ਦਾ ਸੱਚ

**– ਵਰਪਾਲ ਸਿੰਘ, ਨਿਊਜ਼ੀਲੈਂਡ**

ਕਈ ਝੂਠੀਆਂ ਕਹਾਣੀਆਂ ਆਰ ਐੱਸ ਐੱਸ ਦੇ ਬ੍ਰਾਹਮਣੀ ਦਿਮਾਗ਼ ਨੇ ਸਿੱਖਾਂ ਬਾਰੇ ਘੜ ਕੇ ਪ੍ਰਚਲਿਤ ਕਰ ਦਿੱਤੀਆਂ ਹਨ ਜਿਨ੍ਹਾਂ ਦਾ ਦੂਹਰਾ ਮਕਸਦ ਹੈ। ਇਕ ਤਾਂ ਇਹਨਾਂ ਕਹਾਣੀਆਂ ਨਾਲ ਸਿੱਖਾਂ ਅਤੇ ਸਿੱਖੀ ਦਾ ਸਿੱਧਾ ਨੁਕਸਾਨ ਕਰਨਾ। ਦੂਜਾ ਬ੍ਰਾਹਮਣਾਂ ਨੂੰ ਹੋਣ ਵਾਲੇ ਨੁਕਸਾਨ ਨੂੰ ਸਿੱਖਾਂ ਵੱਲ ਧੱਕ ਦੇਣਾ। ਇਸ ਗੰਦੀ ਨੀਤੀ ਦੀ ਇਕ ਮਸਾਲ ਹੈ ਅੰਬੇਦਕਰ ਦੇ ਸਿੱਖ ਨਾ ਬਣਨ ਬਾਰੇ ਘੜੀ ਝੂਠੀ ਕਹਾਣੀ। ਜਿਹੜੀਆਂ ਕਹਾਣੀਆਂ ਨੂੰ ਆਮ ਮਾਨਤਾ ਦੇ ਦਿੱਤੀ ਗਈ ਹੈ ਅਤੇ ਜਿਸ ਨੂੰ ਸੁਹਿਰਦ ਸਿੱਖ ਵੀ ਸੱਚ ਮੰਨ ਕੇ ਦੁਹਰਾ ਦਿੰਦੇ ਹਨ, ਉਨ੍ਹਾਂ ਮੁਤਾਬਿਕ: *"ਅੰਬੇਦਕਰ ਆਪਣੀ ਜਾਤ-ਬਰਾਦਰੀ ਵਾਲਿਆਂ ਨੂੰ ਨਾਲ ਲੈ ਕੇ ਸਿੱਖ ਬਣਨ ਆਇਆ ਸੀ ਪਰ ਮਾਸਟਰ ਤਾਰਾ ਸਿੰਘ ਨੇ ਬਹਾਨਾ ਬਣਾ ਕੇ ਉਨ੍ਹਾਂ ਨੂੰ ਸਿੱਖ ਸਜਾਉਣ ਤੋਂ ਨਾਂਹ ਕਰ ਦਿੱਤੀ ਤਾਂ ਕਿ ਜੱਟਾਂ ਦੀ ਤਾਕਤ ਨੂੰ ਨੁਕਸਾਨ ਨਾ ਪਹੁੰਚੇ। ਜੇਕਰ ਕਰੋੜਾਂ ਦਲਿਤ ਸਿੱਖ ਬਣ ਜਾਂਦੇ ਤਾਂ ਬਹੁ-ਗਿਣਤੀ ਉਨ੍ਹਾਂ ਦੀ ਹੋਣੀ ਸੀ।"* ਕਹਾਣੀ ਦੇ ਇਸ ਰੂਪ ਵਿਚ ਸੁਣਾਉਣ ਵਾਲਾ ਇਹ ਭੁੱਲ ਜਾਂਦਾ ਹੈ ਕਿ ਮਾਸਟਰ ਤਾਰਾ ਸਿੰਘ ਜੱਟ ਨਹੀਂ ਸੀ। ਇਹਦੇ ਦੂਜੇ ਰੂਪ ਵਿਚ ਮਾਸਟਰ ਤਾਰਾ ਸਿੰਘ ਦੀ ਆਪਣੀ ਖੱਤਰੀ ਜਾਤ ਨੂੰ ਦਲਿਤਾਂ ਤੋਂ ਚਿੜ ਦੀ ਗੱਲ ਵੀ ਕਹਿ ਦਿੱਤੀ ਜਾਂਦੀ ਹੈ ਪਰ ਸੁਣਾਉਣ ਵਾਲਾ ਇਕ ਗੱਲ ਭੁੱਲ ਜਾਂਦਾ ਹੈ ਸਿੱਖ ਬਣਨ ਲਈ ਮਾਸਟਰ ਤਾਰਾ ਸਿੰਘ ਤੋਂ ਇਜਾਜ਼ਤ ਲੈਣ ਦਾ ਵਿਧਾਨ ਕਦੋਂ ਸ਼ੁਰੂ ਹੋਇਆ ਅਤੇ ਕਦੋਂ ਤੱਕ ਚੱਲਿਆ? ਮਾਸਟਰ ਤਾਰਾ ਸਿੰਘ ਨੂੰ ਆਪ ਨੂੰ ਅਤੇ ਪ੍ਰੋ. ਸਾਹਿਬ ਸਿੰਘ ਆਦਿ ਨੂੰ ਕਿਸ ਨੇ ਆਗਿਆ ਦਿੱਤੀ ਸੀ ਕਿ ਉਹ ਸਿੱਖ ਬਣ ਜਾਣ? ਜੇਕਰ ਅੱਜ ਕਿਸੇ ਨੂੰ ਕਿਸੇ ਕੋਲੋਂ ਆਗਿਆ ਲੈਣ ਦੀ ਲੋੜ ਨਹੀਂ ਪੈਂਦੀ ਤਾਂ ਉਨ੍ਹਾਂ ਜ਼ਮਾਨਿਆਂ ਵਿਚ ਅੰਬੇਦਕਰ ਨੂੰ ਸਿੱਖ ਬਣਨ ਲਈ ਮਾਸਟਰ ਤਾਰਾ ਸਿੰਘ ਦੀ ਆਗਿਆ ਦੀ ਲੋੜ ਕਿਉਂ ਪਈ ਹੋਵੇਗੀ? ਸਿਰਫ ਤਰਕ ਦੇ ਅਧਾਰ ਤੇ ਹੀ ਕਹਾਣੀ ਝੂਠੀ ਪੈ ਜਾਂਦੀ ਹੈ।



ਹੁਣ ਆਪਾਂ ਆਈਏ ਅੱਖੀਂ ਡਿੱਠੀਆਂ ਗਵਾਹੀਆਂ ਵੱਲ ਆਉਂਦੇ ਹਾਂ। 'ਪ੍ਰੀਤਲੜੀ' ਮੈਗਜ਼ੀਨ ਨੇ ਪੰਜਾਬ ਵਿਚ ਕਾਮਰੇਡੀ ਸੋਚ ਦੀਆਂ ਡੂੰਘੀਆਂ ਜੜ੍ਹਾਂ ਲਾਉਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਬ੍ਰਾਹਮਣੀ ਮਨੌਤ ਹੈ ਕਿ ਜਿੰਨਾ ਚਿਰ ਪੰਜਾਬ ਦੀ ਭਾਸ਼ਾ, ਸਭਿਆਚਾਰ, ਰੋਜ਼ਾਨਾ ਦੀ ਜ਼ਿੰਦਗੀ ਵਿੱਚੋਂ ਗੁਰੂ ਸਾਹਿਬਾਨਾਂ ਦੀ ਸੋਚ ਦੀ ਜਗਾ ਰਾਸ਼ਟਰਵਾਦ ਦੀ ਖੰਡ ਵਿਚ ਲਪੇਟੀ ਮਾਰਕਸ ਦੀ ਕੌੜੀ ਸੋਚ ਨੂੰ ਨਹੀਂ ਬਿਠਾ ਦਿੱਤਾ ਜਾਂਦਾ ਉਨੀਂ ਦੇਰ ਤੱਕ ਉਹ ਸਿੱਖਾਂ ਨੂੰ ਕੰਟਰੋਲ ਨਹੀਂ ਕਰ ਸਕਦੇ। ਇਸ ਮਨੌਤ ਨੂੰ ਅਮਲੀ ਰੂਪ ਦੇਣ ਵਿਚ ਵੀ 'ਪ੍ਰੀਤਲੜੀ' ਮੈਗਜ਼ੀਨ ਨੇ ਪੰਜਾਬ ਵਿਚ ਕਈ ਦਹਾਕਿਆਂ ਤੱਕ ਕੰਮ ਕੀਤਾ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਆਪਣੇ ਪਰਿਵਾਰ ਵਿਚ ਆਈਆਂ ਤਬਦੀਲੀਆਂ (ਜਿਸ ਵਿਚ ਕਿਸੇ ਸਮੇਂ ਗਾਤਰਾ ਪਾਉਣ ਵਾਲਾ ਗੁਰਬਖ਼ਸ਼ ਸਿੰਘ 'ਪ੍ਰੀਤ ਲੜੀ' ਅੱਜ ਦੀਆਂ ਪੁਸ਼ਤਾਂ ਤੱਕ ਪਹੁੰਚਦੇ ਪਹੁੰਚਦੇ ਸਿਗਰਟਾਂ, ਸ਼ਰਾਬ ਪੀਣ ਵਾਲਿਆਂ ਦੀ ਲੜੀ ਬਣ ਗਿਆ) ਉਸ ਦੀ 'ਅਣਥੱਕ' ਮਿਹਨਤ ਦੀ ਜਿਉਂਦੀ ਜਾਗਦੀ ਤਸਵੀਰ ਹੈ।

ਇਸੇ 'ਪ੍ਰੀਤਲੜੀ' ਮੈਗਜ਼ੀਨ ਨੇ ਜੁਲਾਈ 1999 ਵਿਚ ਗੁਰਨਾਮ ਸਿੰਘ ਮੁਕਤਸਰ, ਜਿਸ ਨੂੰ ਉਦੋਂ ਕੋਈ ਟਾਂਵਾਂ ਬੰਦਾ ਹੀ ਜਾਣਦਾ ਸੀ, ਦਾ ਇਕ ਲੇਖ 'ਕੀ ਸਿੱਖ ਬਣੇ ਦਲਿਤਾਂ ਨੂੰ ਪੂਰਾ ਸਨਮਾਨ ਦਿੱਤਾ ਜਾਵੇਗਾ' ਛਾਪਿਆ। ਇਸ ਲੇਖ ਵਿਚ **ਗੁਰਨਾਮ ਸਿੰਘ ਮੁਕਤਸਰ ਨੇ ਸਿੱਖ ਸਿਧਾਂਤਾਂ ਤੇ ਪੋਲੇ ਪੋਲੇ ਸੱਟਾਂ ਪਾਰੀਆਂ ਸਨ, ਜਿਸ ਦੇ ਹਿੱਸੇ ਵਜੋਂ ਅੰਬੇਦਕਰ-ਮਾਸਟਰ ਤਾਰਾ ਸਿੰਘ ਵਾਲੀ ਝੂਠੀ ਕਹਾਣੀ ਲਿਖਤੀ ਰੂਪ ਵਿਚ ਸ਼ਾਇਦ ਪਹਿਲੀ ਵਾਰ ਛਪੀ ਸੀ। ਗੁਰਨਾਮ ਸਿੰਘ ਮੁਕਤਸਰ ਦਾ 'ਪ੍ਰੀਤਲੜੀ' ਤੋਂ ਲੈ ਕੇ ਬੱਲਾਂ ਵਾਲੇ ਸਾਧ ਤੱਕ ਦਾ ਸਫਰ ਵੀ ਆਪਣੇ ਆਪ ਵਿਚ ਸਿੱਖ ਕੌਮ ਲਈ ਇਕ ਸਬਕ ਹੈ ਕਿ ਇਹ ਡੇਰਾ ਦੁਸ਼ਮਣ ਕਿਵੇਂ ਕੰਮ ਕਰ ਰਿਹਾ ਹੈ।**

ਇਸ ਝੂਠੀ ਕਹਾਣੀ ਦੇ ਜਵਾਬ ਵਿਚ ਦਿੱਲੀ ਦੇ ਸੁੰਦਰ ਸਿੰਘ ਬਾਵਾ ਦੀ ਅੱਖੀਂ-ਡਿੱਠੀ ਗਵਾਹੀ 'ਪ੍ਰੀਤਲੜੀ' ਦੇ ਸਤੰਬਰ 1999 ਦੇ ਅੰਕ ਵਿਚ 'ਅੱਖੀਂ ਵੇਖਿਆ ਇਤਿਹਾਸ' ਸਿਰਲੇਖ ਹੇਠ ਛਪੀ। ਹੁਣ ਇਹ ਸਵਾਲ ਦਿਮਾਗ਼ ਵਿਚ ਆਉਣਾ ਲਾਜ਼ਮੀ ਹੈ ਕਿ 'ਪ੍ਰੀਤਲੜੀ' ਵਰਗੇ ਮੈਗਜ਼ੀਨ ਨੇ ਇਹ ਸੁੰਦਰ ਸਿੰਘ ਬਾਵਾ ਦੀ ਗਵਾਹੀ ਛਾਪ ਕਿਵੇਂ ਦਿੱਤੀ? ਉਸਦਾ ਜਵਾਬ ਮਿਲਦਾ ਹੈ ਲੇਖ ਤੋਂ ਪਹਿਲਾਂ ਲਿਖਿਆ 'ਸੰਪਾਦਕੀ ਨੋਟ'। ਇਸ ਨੋਟ ਵਿਚ ਸੰਪਾਦਕਾ ਪੂਨਮ ਸਿੰਘ ਨੇ ਕਿਹਾ 'ਲੇਖਕ, ਪ੍ਰੀਤਲੜੀ ਦੇ ਬਹੁਤ ਪੁਰਾਣੇ ਸਨੇਹੀ ਹਨ, ਜ਼ਿੰਦਾ-ਦਿਲ ਅਤੇ ਨਿਰਮਾਣ, ਜਵਾਨਾਂ ਜਿਹੇ ਬਜ਼ੁਰਗ'। ਜਾਪਦਾ ਹੈ ਕਿ ਇਹ ਸੁਨੇਹਾ ਸੀ ਉਨ੍ਹਾਂ ਕਾਮਰੇਡਾਂ ਲਈ ਜਿਨ੍ਹਾਂ ਨੇ ਇਹ ਲੇਖ ਪੜ੍ਹ ਕੇ ਗ਼ੁੱਸਾ ਕਰਨਾ ਸੀ। ਗ਼ੁੱਸਾ ਕਿਉਂ? ਇਹ ਤੁਹਾਨੂੰ ਇਸ ਲੇਖ ਵਿਚੋਂ ਹੇਠਾਂ ਦਿੱਤੇ ਹਿੱਸੇ ਨੂੰ ਪੜ੍ਹ ਕੇ ਪਤਾ ਲੱਗ ਜਾਵੇਗਾ। ਪ੍ਰੀਤਲੜੀ ਦੇ ਸਤੰਬਰ 1999 ਦੇ ਅੰਕ ਵਿਚ ਛਪਿਆ ਸੀ "ਹੁਣ ਅੱਗੇ ਸ੍ਰੀ ਮਾਨ ਬਾਬਾ ਡਾ. ਅੰਬੇਡਕਰ ਸਾਹਿਬ ਬਾਰੇ ਬੇਨਤੀ ਹੈ ਕਿ ਬਾਬਾ ਸਾਹਿਬ ਨੇ 1935-37 ਵਿਚ ਕਰੋੜਾਂ ਦਲਿਤਾਂ ਸਮੇਤ ਸਿੱਖ ਬਣ ਜਾਣ ਲਈ ਆਪਣੇ ਆਪ ਨੂੰ ਪੂਰੀ ਤਰਾਂ ਤਿਆਰ ਕਰ ਲਿਆ ਸੀ। ਬੰਬਈ ਵਿਚ ਖ਼ਾਲਸਾ ਕਾਲਜ ਦੀ ਸਥਾਪਨਾ ਹੋ ਚੁੱਕੀ ਸੀ। ਬਾਬਾ ਸਾਹਿਬ ਅੰਮ੍ਰਿਤਸਰ ਵਿਖੇ ਇਕ ਸਿੱਖ ਧਾਰਮਿਕ ਜਲੂਸ ਵਿਚ ਸ਼ਾਮਲ ਵੀ ਹੋਏ ਸਨ। ਸਾਰੇ ਹਿੰਦੁਸਤਾਨ ਵਿਚ 'ਅਛੂਤਾਂ' ਦੀ ਗਿਣਤੀ ਚੁਥਾਈ ਦੇ ਬਰਾਬਰ ਸੀ, ਜਿਨ੍ਹਾਂ ਨੂੰ ਵਿੱਦਿਆ ਪੜ੍ਹਨ ਜਾਂ ਕੋਈ ਉਚੇਚਾ ਕਿੱਤਾ ਕਰਨ ਦੀ ਆਗਿਆ ਨਹੀਂ ਸੀ, ਜਿਸ ਕਰਕੇ ਇਹ ਲੋਕ ਬਹੁਤ ਪਛੜੇ ਹੋਏ ਸਨ। ਅਜਿਹੇ ਕਹੇ ਜਾਂਦੇ ਨੀਚ ਲੋਕਾਂ ਦੀ ਸੰਭਾਲ ਗੁਰੂ ਘਰ ਦਾ ਵਿਸ਼ੇਸ਼ ਕਰਮ ਰਿਹਾ ਹੈ। ਗੁਰੂ ਨਾਨਕ ਦੇਵ ਜੀ ਨੇ ਏਥੋਂ ਤੱਕ ਫੁਰਮਾਇਆ ਹੈ, 'ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ'। ਪੰਜਾਬ ਅੰਦਰ ਛੂਤ-ਛਾਤ ਦਾ ਇੰਨਾ ਪ੍ਰਭਾਵ ਨਹੀਂ ਸੀ ਜਿੰਨਾ ਬਾਕੀ ਦੇਸ਼ ਵਿਚ ਰਿਹਾ ਹੈ। ਪਰ ਕੁੱਝ ਸਾਲਾਂ ਅੰਦਰ, ਵਿੱਦਿਆ ਦੇ ਪ੍ਰਚਾਰ ਅਤੇ ਸਮੁੱਚੇ ਤੌਰ 'ਤੇ ਆਈ ਜਾਗ੍ਰਿਤੀ ਨੇ ਇਨ੍ਹਾਂ ਲੋਕਾਂ (ਦਲਿਤਾਂ) ਦੀ ਸੋਚਣੀ ਨੂੰ ਬਦਲਿਆ ਅਤੇ ਵਿਸ਼ੇਸ਼ ਕਰਕੇ ਬ੍ਰਾਹਮਣੀ ਦਬਾਅ ਦੇ ਜੂਲ਼ੇ ਨੂੰ ਜੋ ਸਦੀਆਂ ਤੋਂ ਇਨ੍ਹਾਂ ਦੇ ਗਲੇ ਪਿਆ ਹੋਇਆ ਸੀ, ਲਾਹ ਸੁੱਟਣ ਦਾ ਮਨ ਬਣਾਇਆ।

ਡਾ. ਅੰਬੇਡਕਰ ਸਾਹਿਬ ਦੀ ਅਗਵਾਈ ਹੇਠ ਹਿੰਦੂ ਮੱਤ ਤਿਆਗ ਕੇ ਸਿੱਖ ਮੱਤ ਗ੍ਰਹਿਣ ਕਰਨ ਦਾ ਮਨ ਬਣਾਇਆ। ਇਸ ਦੇ ਪ੍ਰਚਾਰ ਲਈ ਨਨਕਾਣਾ ਸਾਹਿਬ ਗੁਰਦੁਆਰਾ ਕਮੇਟੀ ਨੇ ਨੌਂ ਸੱਜਣਾਂ ਦਾ ਜਥਾ, ਸ. ਨਰੈਣ ਸਿੰਘ ਜੀ ਮੈਨੇਜਰ ਦੀ ਅਗਵਾਈ ਹੇਠ ਜਨਵਰੀ 1936 ਵਿਚ ਮਹਾਰਾਸ਼ਟਰ ਭੇਜਿਆ। ਇਸ ਵਿਚ ਸੰਤ ਤੇਜਾ ਸਿੰਘ ਜੀ, ਗਿਆਨੀ ਇੰਦਰ ਸਿੰਘ ਜੀ, ਭਾਈ ਸਮੁੰਦ ਸਿੰਘ ਜੀ ਦਾ ਰਾਗੀ ਜਥਾ ਸ਼ਾਮਲ ਸੀ। ਬੰਬਈ ਪੁੱਜ ਕੇ ਕੁੱਝ ਗੁਰਮਤਿ ਬਾਰੇ ਟਰੈਕਟ ਅੰਗ੍ਰੇਜ਼ੀ ਤੇ ਮਰਾਠੀ ਵਿਚ ਛਪਾਏ। ਮਿਤੀ 11-12 ਜਨਵਰੀ (1936) ਨੂੰ ਪੂਨੇ ਵਿਖੇ 'ਅਛੂਤ' ਜਾਤੀ ਦੇ ਲੋਕਾਂ, ਖ਼ਾਸ ਕਰਕੇ ਮੁਹਾਰ ਜਾਤੀ ਦੀ ਇਕ ਕਾਨਫਰੰਸ ਸੀ। ਇਸ ਨਨਕਾਣਾ ਸਾਹਿਬ ਦੇ ਜਥੇ ਨੇ ਸਾਂਝਾ ਲੰਗਰ ਚਾਲੂ ਕੀਤਾ ਤੇ ਟਰੈਕਟ ਵੀ ਵੰਡੇ। ਪੰਗਤਾਂ ਲਾ ਕੇ ਸਾਂਝਾ ਲੰਗਰ ਛਕਾਇਆ, ਜਿਸ ਦਾ ਬਹੁਤ ਪ੍ਰਭਾਵ ਪਿਆ। ਡਾ ਅੰਬੇਡਕਰ ਇਸ ਕਾਨਫਰੰਸ ਦੇ ਸਰਪ੍ਰਸਤ ਸਨ ਜੋ ਬਹੁਤ ਖ਼ੁਸ਼ ਹੋਏ। ਇਸ ਸਾਰੀ ਕਾਰਵਾਈ ਦੀ ਰਿਪੋਰਟ ਸ. ਨਰੈਣ ਸਿੰਘ ਮੈਨੇਜਰ ਨੇ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਨੂੰ ਦਿੱਤੀ ਕਿ ਕੇਂਦਰੀ ਜਥੇਬੰਦੀ ਹੋਣੀ ਚਾਹੀਦੀ ਹੈ। ਸ਼੍ਰੋਮਣੀ ਕਮੇਟੀ ਵੱਲੋਂ 13 ਅਪ੍ਰੈਲ 1936 ਨੂੰ 'ਸਰਬ ਹਿੰਦ ਸਿੱਖ ਮਿਸ਼ਨ' ਦੇ ਨਾਮ ਦੀ ਸੰਸਥਾ ਸਥਾਪਤ ਕਰਕੇ ਕੁੱਝ ਫੰਡ ਉਸ ਨੂੰ ਸੌਂਪਿਆ ਗਿਆ। ਅੱਗੇ ਡਾ. ਅੰਬੇਡਕਰ ਜੀ ਨਾਲ 'ਅਛੂਤਾਂ' ਨੂੰ ਸਿੱਖੀ ਦਾਇਰੇ ਅੰਦਰ ਲਿਆਉਣ ਲਈ ਅਧਿਕਾਰ, ਮਿਸ਼ਨ ਨੂੰ ਸੌਂਪੇ ਜਿਸ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ, ਜਨਰਲ ਸਕੱਤਰ ਸ. ਸੁਜਾਨ ਸਿੰਘ ਸਰਹਾਲੀ ਅਤੇ ਸਕੱਤਰ ਸ. ਕੇਹਰ ਸਿੰਘ ਹੈੱਡਮਾਸਟਰ ਥਾਪੇ ਗਏ। 13 ਅਪ੍ਰੈਲ 1936 ਨੂੰ ਬਣੇ 'ਸਰਬ ਹਿੰਦ ਸਿੱਖ ਮਿਸ਼ਨ' ਨੇ ਡਾ. ਅੰਬੇਡਕਰ ਨਾਲ 'ਅਛੂਤਾਂ' ਦੇ ਸਿੱਖ ਧਰਮ ਵਿਚ ਪ੍ਰਵੇਸ਼ ਕਰਨ ਬਾਰੇ ਗੱਲਬਾਤ ਜਾਰੀ ਕੀਤੀ ਅਤੇ ਡਾ. ਸ੍ਰੀ ਅੰਬੇਡਕਰ ਦੀ ਸਲਾਹ ਨਾਲ ਅੰਮ੍ਰਿਤਸਰ ਵਿਚ 'ਗੁਰਮਤਿ ਪ੍ਰਚਾਰ ਕਾਨਫ੍ਰੰਸ' ਹੋਈ। ਡਾ. ਅੰਬੇਡਕਰ ਜੀ ਤੇ ਉਨ੍ਹਾਂ ਦੇ ਕਈ ਸਾਥੀ ਪੁੱਜੇ ਹੋਏ ਸਨ। ਇਸ ਕਾਨਫਰੰਸ ਅੰਦਰ ਪ੍ਰੋ: ਬਾਵਾ ਹਰਕ੍ਰਿਸ਼ਨ ਸਿੰਘ ਜੀ ਦੇ ਪ੍ਰਭਾਵਸ਼ਾਲੀ ਭਾਸ਼ਣ ਦੇ ਉੱਤਰ ਵਿਚ ਡਾ. ਅੰਬੇਡਕਰ ਜੀ ਨੇ ਬੋਲਦੇ ਹੋਏ ਸਪੱਸ਼ਟ ਸ਼ਬਦਾਂ ਵਿਚ ਆਪਣਾ ਤੇ ਆਪਣੇ ਸਾਥੀਆਂ ਦਾ ਸਿੱਖੀ ਧਾਰਨ ਕਰਨ ਦਾ ਵਿਚਾਰ ਪ੍ਰਗਟਾਇਆ।



ਹੁਣ ਡਾ ਅੰਬੇਡਕਰ ਜੋ ਥੋੜ੍ਹਾ ਸਮਾਂ ਪਹਿਲਾਂ ਹੀ ਲਾਅ ਕਾਲਜ ਬੰਬਈ ਦੇ ਪ੍ਰਿੰਸੀਪਲ ਦੇ ਪਦ ਤੋਂ ਰਿਟਾਇਰ ਹੋਏ ਸਨ, 'ਅਛੂਤ' ਜਾਤੀਆਂ ਅੰਦਰ ਸਿੱਖੀ ਪ੍ਰਚਾਰ ਲਈ ਅਤੇ 'ਅਛੂਤ' ਵਿਦਿਆਰਥੀਆਂ ਦੀ ਉਚੇਰੀ ਪੜ੍ਹਾਈ ਦੇ ਪ੍ਰਬੰਧ ਲਈ, 'ਸਰਬ ਹਿੰਦ ਸਿੱਖ ਮਿਸ਼ਨ' ਪਾਸੋਂ ਇਕ ਛਾਪਾਖ਼ਾਨਾ, ਜਿਸ ਵਿਚ ਉਨ੍ਹਾਂ ਦਾ ਅਖ਼ਬਾਰ ਛਪਣਾ ਸੀ, ਤੇ ਇਕ ਡਿਗਰੀ ਕਾਲਜ ਖੋਲ੍ਹਿਆ ਜਾਣਾ ਪ੍ਰਵਾਨ ਕਰਵਾਇਆ। ਕਾਲਜ ਵਾਸਤੇ 17642 ਗਜ ਜ਼ਮੀਨ, ਮਾਟੂੰਗਾ ਕਾਲੋਨੀ ਵਿਚ ਇਕ ਲੱਖ ਉਨਾਸੀ ਹਜਾਰ ਛੇ ਸੌ ਤਿਹੱਤਰ (1,79,673) ਰੁਪਏ ਤੋਂ ਬੰਬਈ ਸਰਕਾਰ ਪਾਸੋਂ ਖ਼ਰੀਦ ਕੀਤੀ ਅਤੇ ਪ੍ਰੈੱਸ ਵਾਸਤੇ ਨਾਇਗਾਮ ਪਲਾਟਸ ਨਾਮੀ ਜਗ੍ਹਾ 75,000/- ਰੁਪਏ ਵਿਚ ਲੈਣ ਦਾ ਫੈਸਲਾ ਕੀਤਾ ਤੇ ਸ਼ੈੱਡ ਖੜ੍ਹਾ ਕਰਕੇ ਛੋਟਾ ਜਿਹਾ ਪ੍ਰੈੱਸ ਲਗਾ ਲਿਆ ਜਿਸ ਤੇ ਡਾਕਟਰ ਜੀ ਦਾ ਅਖ਼ਬਾਰ 'ਜਨਤਾ' ਛਪਣਾ ਸ਼ੁਰੂ ਹੋ ਗਿਆ। ਸ੍ਰੀਮਾਨ ਡਾਕਟਰ ਸਾਹਿਬ ਜਰਮਨੀ ਤੋਂ ਕਾਲਜ ਦੀ ਇਮਾਰਤ ਦਾ ਪਲੈਨ ਬਣਵਾ ਲਿਆਏ ਸਨ ਜੋ ਸ਼ੁਰੂ ਕੀਤਾ। ਇਹ ਸ. ਨਰੈਣ ਸਿੰਘ ਜੀ ਮੈਨੇਜਰ ਗੁਰਦੁਆਰਾ ਕਮੇਟੀ ਨਨਕਾਣਾ ਸਾਹਿਬ ਦੀ ਸਪੁਰਦਗੀ ਹੇਠ ਰਾਤ ਦਿਨ ਲਗ ਕੇ 22 ਮਾਰਚ 1937 ਤੋਂ ਸ਼ੁਰੂ ਹੋਇਆ, ਜਿਸ ਵਿਚ ਡਾ. ਅੰਬੇਡਕਰ ਜੀ ਵੱਡੀ ਦਿਲਚਸਪੀ ਲੈਂਦੇ ਸੀ, ਆਉਂਦੇ ਜਾਂਦੇ ਸਲਾਹ ਮਸ਼ਵਰਾ ਦੇਂਦੇ ਸੀ ਅਤੇ ਰਾਤ ਦਿਨ ਬਿਲਡਿੰਗ ਦਾ ਕੰਮ ਚਲਦਾ ਸੀ ਕਿਉਂਕਿ 20 ਜੂਨ ਤੋਂ 10 ਜੁਲਾਈ ਦੀਆਂ ਕਲਾਸਾਂ ਚਾਲੂ ਕਰਨੀਆਂ ਸਨ। ਪਰ ਸ੍ਰੀਮਾਨ ਡਾ. ਅੰਬੇਡਕਰ ਜੀ ਨੇ ਅਚਾਨਕ ਆਉਣਾ ਜਾਣਾ ਛੱਡ ਦਿੱਤਾ। ਸਾਰੀ ਬਿਲਡਿੰਗ, ਕਾਲਜ ਦੀ ਲੈਬਾਰਟਰੀ ਅਤੇ ਫਰਨੀਚਰ ਆਦਿ ਹਰ ਤਰ੍ਹਾਂ ਨਾਲ ਤਿਆਰ ਹੋ ਗਿਆ ਅਤੇ ਸਿੱਖੀ ਵਿਚ ਡਾ. ਸ੍ਰੀ ਅੰਬੇਡਕਰ ਜੀ ਅਤੇ ਹੋਰਨਾਂ ਦੇ ਪ੍ਰਵੇਸ਼ ਲਈ ਇਕ ਵਫਦ ਪੰਜਾਬ ਤੋਂ 22 ਮਈ ਨੂੰ ਪੁੱਜ ਗਿਆ, ਜਿਸ ਵਿਚ ਮਾਸਟਰ ਸੁਜਾਨ ਸਿੰਘ ਜਨਰਲ ਸਕੱਤਰ, ਪ੍ਰਧਾਨ ਜਥੇਦਾਰ ਤੇਜਾ ਸਿੰਘ, ਗੁਰਦੁਆਰਾ ਕਮੇਟੀ ਨਨਕਾਣਾ ਸਾਹਿਬ, ਪ੍ਰੋ. ਬਾਵਾ ਹਰਕ੍ਰਿਸ਼ਨ ਸਿੰਘ ਜੀ ਖ਼ਾਲਸਾ ਕਾਲਜ ਅੰਮ੍ਰਿਤਸਰ, ਪ੍ਰਿੰਸੀਪਲ ਕਸ਼ਮੀਰਾ ਸਿੰਘ ਅਤੇ ਸ. ਈਸ਼ਰ ਸਿੰਘ ਜੀ ਮਝੈਲ ਸਨ। ਪ੍ਰੰਤੂ ਇਸ ਵਫਦ ਦੇ ਪੁੱਜਣ ਤੋਂ ਕੁੱਝ ਦਿਨ ਪਹਿਲਾਂ ਹੀ ਸ੍ਰੀਮਾਨ ਡਾ ਅੰਬੇਡਕਰ ਜੀ ਬੰਬਈ ਤੋਂ 60-70 ਮੀਲ ਦੂਰ ਸਮੁੰਦਰ ਵਿਚ ਜ਼ੰਜੀਰਾ ਨਾਮ ਦੇ ਟਾਪੂ ਤੇ ਜਾ ਚੁੱਕੇ ਸਨ। ਵਫਦ ਨੇ ਉਨ੍ਹਾਂ ਦੇ ਪਿੱਛੇ ਜਾਣ ਦਾ ਫੈਸਲਾ ਕੀਤਾ ਤੇ ਬੰਬਈ ਤੋਂ ਸ. ਨਰੈਣ ਸਿੰਘ ਮੈਨੇਜਰ ਤੇ ਬੰਬਈ ਦੇ ਸ. ਗੁਰਦਿੱਤ ਸਿੰਘ ਸੇਠੀ ਨੂੰ ਨਾਲ ਲੈ ਕੇ ਸਟੀਮਰ ਵਿਚ ਬੈਠ ਕੇ ਸਾਰੇ ਸ੍ਰੀਮਾਨ ਡਾ. ਅੰਬੇਡਕਰ ਜੀ ਕੋਲ ਪੁੱਜ ਗਏ। ਡਾਕਟਰ ਸਾਹਿਬ ਅਚਨਚੇਤ ਵਫਦ ਨੂੰ ਵੇਖ ਕੇ ਹੈਰਾਨ ਹੋਏ। ਉਹ ਦਿਨ ਤੇ ਅਗਲਾ ਦਿਨ ਡਾਕਟਰ ਜੀ ਨਾਲ ਗੱਲਬਾਤ ਹੁੰਦੀ ਰਹੀ ਅਤੇ ਅਖੀਰ ਡਾਕਟਰ ਅੰਬੇਡਕਰ ਜੀ ਨੇ ਹਿੰਦੂ ਲੀਡਰਾਂ ਦੇ **ਸਿਰ ਭਾਂਡਾ ਭੰਨਦੇ ਹੋਏ ਕਿਹਾ ਕਿ "ਲੀਡਰਾਂ ਨੇ ਕਈ ਤਰ੍ਹਾਂ ਦੇ ਭਰੋਸੇ ਤੇ ਲਾਲਚ ਦੇ ਕੇ ਮੇਰੇ ਹੋਰ 'ਅਛੂਤ' ਲੀਡਰਾਂ ਨੂੰ ਮੇਰੇ ਨਾਲੋਂ ਪਾੜ ਲਿਆ ਹੋਇਆ ਹੈ ਤੇ ਉਨ੍ਹਾਂ ਹਿੰਦੂ ਰਹਿਣਾ ਹੀ ਮੰਨ ਲਿਆ ਹੈ। ਇਸ ਲਈ ਮੈਂ ਮਜਬੂਰ ਹੋ ਗਿਆ ਹਾਂ।"** ਸ੍ਰੀਮਾਨ ਜੀ ਡਾ ਅੰਬੇਡਕਰ ਜੀ ਦਾ ਸਪੱਸ਼ਟ ਜੁਆਬ ਸੁਣ ਕੇ ਸਾਰਾ ਜੱਥਾ ਵਾਪਸ ਸਟੀਮਰ ਰਾਹੀਂ ਬੰਬਈ ਆ ਗਿਆ।



ਇਨ੍ਹਾਂ ਦਿਨਾਂ ਵਿਚ ਹੀ ਸ੍ਰੀ ਗਾਂਧੀ ਜੀ ਨੇ ਮਰਨ-ਵਰਤ ਧਾਰ ਕੇ ਸਰਕਾਰ ਉੱਤੇ ਇਹ ਦਬਾਅ ਪਾ ਦਿੱਤਾ ਸੀ ਕਿ ਉਹ 'ਅਛੂਤ' ਜਾਤੀਆਂ ਨੂੰ ਪਛੜੀਆਂ ਹੋਈਆਂ ਹਿੰਦੂ ਸ਼੍ਰੇਣੀਆਂ ਕਰਾਰ ਦੇ ਕੇ ਉਨ੍ਹਾਂ ਵਾਸਤੇ ਵਿਸ਼ੇਸ਼ ਰਿਆਇਤਾਂ ਦਾ ਐਲਾਨ ਕਰੇ। ਉਸਦੇ ਮਨ ਅੰਦਰ ਇਹ ਭੈ ਸੀ ਕਿ ਅੱਠ ਕਰੋੜ 'ਅਛੂਤ' ਸਿੱਖ ਬਣ ਜਾਂਦੇ ਹਨ ਤਾਂ ਦੇਸ ਅੰਦਰ ਇਕ ਹੋਰ ਵੱਡੀ ਘੱਟ-ਗਿਣਤੀ ਖੜ੍ਹੀ ਹੋ ਜਾਏਗੀ (ਇਕ ਤਾਂ ਮੁਸਲਮਾਨ ਸਨ ਹੀ) ਅਤੇ ਇਸ ਨਾਲ ਹਿੰਦੂ ਗਿਣਤੀ ਘੱਟ ਜਾਣ ਦਾ ਹਿੰਦੂਆਂ ਤੇ ਸਮੁੱਚੇ ਤੌਰ ਤੇ ਬਹੁਤ ਮੰਦਾ ਅਸਰ ਪਵੇਗਾ।

ਉਸ ਸਮੇਂ ਪੰਡਤ ਮਦਨ ਮੋਹਨ ਮਾਲਵੀਆ ਵਾਇਸਰਾਏ ਹਿੰਦ ਦੀ ਐਗਜ਼ੈਕਟਿਵ ਕੌਂਸਲ ਦੇ ਮੈਂਬਰ ਸੀ। ਉਨ੍ਹਾਂ ਦੇ ਜੋਰ ਦੇਣ ਤੇ ਸਰਕਾਰ ਵੱਲੋਂ 'ਅਛੂਤਾਂ' ਨੂੰ ਹਿੰਦੂ ਪਛੜੀਆਂ ਸ਼੍ਰੇਣੀਆਂ ਹੋਣ ਨਾਤੇ ਵਿਸ਼ੇਸ਼ ਰਿਆਇਤਾਂ ਦਿੱਤੇ ਜਾਣ ਦਾ ਐਲਾਨ ਕੀਤਾ ਗਿਆ ਜਿਸ ਤੇ ਇੱਕੀ ਦਿਨ ਭੁੱਖੇ ਰਹਿਣ ਪਿੱਛੋਂ ਗਾਂਧੀ ਜੀ ਨੇ ਆਪਣਾ ਵਰਤ ਖ਼ਤਮ ਕੀਤਾ। ਗਾਂਧੀ ਜੀ ਦੇ ਵਰਤ ਤੇ ਅਛੂਤਾਂ ਬਾਰੇ ਸਰਕਾਰ ਵੱਲੋਂ ਜਾਰੀ ਹੋਏ ਐਲਾਨ ਦਾ ਹੀ ਪ੍ਰਭਾਵ ਸੀ ਜਿਸ ਨੇ 'ਅਛੂਤ ਲੀਡਰਾਂ' ਦੇ ਤੇ ਉਨ੍ਹਾਂ ਰਾਹੀਂ 'ਅਛੂਤ ਜਨਤਾ' ਨੂੰ ਸਿੱਖ ਧਰਮ ਵਿਚ ਬਦਲੀ ਨਾ ਕਰਨ ਦੀ ਪ੍ਰੇਰਨਾ ਦਿੱਤੀ ਕਿਉਂਕਿ ਉਨ੍ਹਾਂ ਪ੍ਰਤੀ ਐਲਾਨ ਹੋਈਆਂ ਰਿਆਇਤਾਂ ਦਾ ਲਾਭ ਉਹ ਹਿੰਦੂ ਰਹਿ ਕੇ ਹੀ ਲੈ ਸਕਦੇ ਸੀ, ਜਿਸ ਲਈ ਸਿੱਖ ਬਣਨ ਵਾਲੀ ਪਕੜ ਹੁਣ ਉਨ੍ਹਾਂ ਦੇ ਹਿਰਦੇ ਵਿਚ ਨਹੀਂ ਸੀ। ਇਹ ਸੀ ਕਾਰਨ ਵਫਦ ਨਾਲ ਜੰਜੀਰੇ ਅੰਦਰ ਸ੍ਰੀ ਮਾਨ ਡਾ ਅੰਬੇਡਕਰ ਜੀ ਨਾਲ ਹੋਈ ਗੱਲ ਸਮੇਂ ਡਾਕਟਰ ਜੀ ਦੇ ਵਤੀਰੇ ਦਾ ਜਿਸ ਨਾਲ ਹੀ ਸ੍ਰੀ ਮਾਨ ਡਾ ਅੰਬੇਡਕਰ ਜੀ ਨੇ ਕਾਲਜ ਚਲਾਉਣ ਦਾ ਵਤੀਰਾ ਵੀ ਬਦਲ ਦਿੱਤਾ।

-0-